# ਭਗਤ ਸਧਨਾ - ਸਬਦ ੧

## ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥

ਰਾਗੁ ਬਿਲਾਵਲ, ਭਗਤ ਸਧਨਾ, ਗੁਰੂ ਗ੍ਰੰਥ ਸਾਹਿਬ, ੮੫੮

ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥
ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥੧॥
ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥
ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥੧॥ ਰਹਾਉ ॥
ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥
ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥੨॥
ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥
ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥੩॥
ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥
ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥੧॥

ਸਾਰ: ਭੌਤਿਕ ਅਤੇ ਬੌਧਿਕ ਧਨ-ਦੌਲਤ ਦੀ ਇੱਛਾ ਸਾਡੀ ਪ੍ਰਾਥਮਿਕਤਾ ਬਣ ਸਕਦੀ ਹੈ ਜਦੋਂ ਅਸੀਂ ਇਹ ਮੰਨ ਲੈਂਦੇ ਹਾਂ ਕਿ ਇਨ੍ਹਾਂ ਦੀ ਪ੍ਰਾਪਤੀ ਹੀ ਸਾਡੀ ਖੁਸ਼ੀ ਅਤੇ ਜੀਵਨ-ਨਿਰਵਾਹ ਲਈ ਲਾਜ਼ਮੀ ਹੈ। ਸਾਡਾ ਸਵੈ-ਮਾਣ (ਆਤਮ-ਸਨਮਾਨ) ਸਾਡੀ ਧਨ-ਸੰਪਦਾ ਅਤੇ ਗਿਆਨ ਨਾਲ ਗੂੜ੍ਹ ਰੂਪ ਵਿਚ ਜੁੜ ਜਾਂਦਾ ਹੈ, ਜਿਸ ਕਾਰਣ ਇਸ ਨਾਲ ਸਾਡੇ ਫ਼ੈਸਲੇ ਵੀ ਪ੍ਰਭਾਵਿਤ ਹੁੰਦੇ ਹਨ ਅਤੇ ਹਉਮੈਂ ਵਿਚ ਵਾਧਾ ਹੁੰਦਾ ਹੈ। ਪਰ ਜਦੋਂ ਅਸੀਂ ਹਉਮੈਂ ਦੇ ਪ੍ਰਭਾਵ ਨੂੰ ਪਛਾਣ ਕੇ ਉਸ ਤੋਂ ਉੱਪਰ ਉੱਠ ਜਾਂਦੇ ਹਾਂ, ਤਾਂ ਅਸੀਂ ਧਨ ਨੂੰ ਪਰਉਪਕਾਰਕੀ ਹਿੱਤਾਂ ਲਈ ਵਰਤ ਸਕਦੇ ਹਾਂ ਅਤੇ ਗਿਆਨ ਦੀ ਵਰਤੋਂ ਸੁਹਿਰਦਤਾ ਨਾਲ ਕਰ ਸਕਦੇ ਹਾਂ, ਜਿਸ ਨਾਲ ਜੀਵਨ ਵਧੇਰੇ ਅਰਥ ਭਰਪੂਰ ਹੋ ਜਾਂਦਾ ਹੈ। ਅਸਲ ਪ੍ਰਮਾਣਿਕਤਾ ਸਾਡੇ ਬਾਹਰੀ ਦਿਖਾਵੇ ਰਾਹੀਂ ਨਹੀਂ, ਸਗੋਂ ਸਾਡੇ ਅੰਤਰੀਵੀ ਇਰਾਦਿਆਂ ਤੋਂ ਪ੍ਰਗਟ ਹੁੰਦੀ ਹੈ। ਭਾਵਨਾਤਮਕ ਨਿਰਦਯਤਾ, ਦੋਗਲਾਪਨ ਅਤੇ ਕ੍ਰੋਧ ਵਰਗੇ ਲੱਛਣ ਸਾਡੇ ਅਸਲ ਚਰਿੱਤਰ ਦੀ ਤਰਜ਼ਮਾਨੀ ਕਰਦੇ ਹਨ, ਅਤੇ ਇਨ੍ਹਾਂ ਦੇ ਪ੍ਰਭਾਵ ਹੇਠ ਅਸੀਂ ਅਨੇਕਾਂ ਅਨੈਤਿਕ ਵਿਵਹਾਰਾਂ ਵਿਚ ਆਪਣੀ ਭਾਗੇਦਾਰੀ ਵਧਾ ਬੈਠਦੇ ਹਾਂ।

ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥
ਰਾਜੇ ਦੀ ਧੀ ਨੂੰ ਧੋਖਾ ਦੇਣ ਦੀ ਖਾਤਰ, ਇਕ ਵਿਅਕਤੀ ਨੇ ਆਪਣੇ ਅਸਲ ਸਰੂਪ ਨੂੰ ਲੁਕਾ ਕੇ ਭੇਖ ਧਾਰ ਲਿਆ। ਇਹ ਮਿਥਿਹਾਸਕ ਕਥਾ ਦਰਸਾਉਂਦੀ ਹੈ ਕਿ ਸੁਆਰਥੀ ਇੱਛਾਵਾਂ ਕਈ ਵਾਰ ਸ਼ੁੱਧ ਇਰਾਦਿਆਂ ਦਾ ਰੂਪ ਧਾਰਨ ਕਰ ਸਕਦੀਆਂ ਹਨ।

ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥੧॥
ਬੇਰੋਕ ਇੱਛਾਵਾਂ ਅਤੇ ਸਵਾਰਥੀ ਮਨੋਰਥਾਂ ਦੁਆਰਾ ਪ੍ਰੇਰਿਤ ਹੋਣ ਦੇ ਬਾਵਜੂਦ ਵੀ, ਸਰਵ ਵਿਆਪਕ ਚੇਤਨਾ ਸੱਚ ਦੇ ਮਾਰਗ ਵੱਲ ਅਗਵਾਈ ਕਰਦੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਭਾਵੇਂ ਭਰਮ ਮਨ ਨੂੰ ਭਟਕਾ ਸਕਦੇ ਹਨ, ਜਦੋਂ ਅੰਤਹਕਰਣ ਅਸਲ ਵਿਚ ਚਿੰਤਨ ਕਰਦਾ ਹੈ, ਤਾਂ ਇਹ ਜਾਗਰੂਕਤਾ ਪ੍ਰਾਪਤ ਕਰਨ ਵਿਚ ਸਫ਼ਲ ਹੋ ਸਕਦਾ ਹੈ। (੧)

ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥
ਸੰਸਾਰ ਨੂੰ ਮਾਰਗ ਦਿਖਾਉਣ ਵਾਲੀ ਸਰਬਵਿਆਪਕ ਚੇਤਨਾ ਤੁਹਾਡਾ ਕੀ ਮੁੱਲ ਹੈ, ਜੇਕਰ ਤੁਸੀਂ ਉਨ੍ਹਾਂ ਬੁਰੇ ਇਰਾਦਿਆਂ ਨੂੰ ਮਿਟਾਉਣ ਲਈ ਰਾਹਨੁਮਾਈ ਨਹੀਂ ਕਰਦੇ, ਜਿਹੜੇ ਕਿਸੇ ਨੂੰ ਬੁਰੇ ਕਰਮਾਂ ਵੱਲ ਲੈ ਜਾਂਦੇ ਹਨ? ਇਹ ਵਿਚਾਰ ਸਾਡੇ ਜੀਵਨ ਦੇ ਉਦੇਸ਼ ਉੱਤੇ ਪ੍ਰਸ਼ਨ ਚਿੰਨ੍ਹ ਲਗਾਉਂਦੇ ਹਨ ਕਿ ਜੇਕਰ ਸਾਡੇ ਦੁਆਰਾ ਨਿੱਜੀ ਵਿਗਾਸ ਲਈ ਸੁਚੇਤ ਉਦਮ, ਜਾਂ ਕਰਮ ਨਾ ਕੀਤੇ ਜਾਣ ਤਾਂ ਸਾਡੇ ਜੀਵਨ ਦਾ ਕੀ ਮੁੱਲ ਰਹਿ ਜਾਂਦਾ ਹੈ।

ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥੧॥ ਰਹਾਉ ॥
ਸ਼ੇਰ ਦੀ ਸ਼ਰਣ ਵਿਚ ਜਾਣ ਦਾ ਕੀ ਲਾਭ ਜੇ ਉਥੇ ਆ ਗਿੱਦੜ ਹੀ ਸ਼ਿਕਾਰ ਕਰ ਜਾਵੇ। ਇਹ ਭਾਵ ਦਰਸਾਉਂਦਾ ਹੈ ਕਿ ਸਰਬ-ਵਿਆਪਕ ਚੇਤਨਾ ਦੀ ਸ਼ਰਨ ਵਿਚ ਜਾ ਕੇ ਵੀ ਅੰਤਰੀਵੀ ਡਰ ਬਣੇ ਰਹਿਣ ਤਾਂ ਕੀਤੇ ਸਮਰਪਣ ਦਾ ਕੀ ਲਾਭ? (੧)(ਠਹਿਰਾਉ)

ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥
ਮੀਂਹ ਦੀ ਇਕ ਬੂੰਦ ਖਾਤਰ ਬਬੀਹਾ ਪੀੜਾ ਸਹਿਨ ਕਰਦਾ ਹੈ। ਇਹ ਭਾਵ ਉਸ ਮੁਹਾਵਰੇ ਵੱਲ ਸੰਕੇਤ ਕਰਦਾ ਹੈ ਕਿ ਬਿਬੇਕ ਦੀ ਤੀਬਰ ਤਲਬ ਤੋਂ ਬਿਨਾਂ ਕੋਈ ਆਤਮਿਕ ਪ੍ਰਾਪਤੀ ਸੰਭਵ ਨਹੀਂ ਹੁੰਦੀ।

ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥੨॥
ਜੀਵਨ ਦੀ ਖੇਡ ਖਤਮ ਹੋਣ ਤੋਂ ਬਾਅਦ ਭਾਵੇਂ ਸਮੁੰਦਰ ਦੀ ਪ੍ਰਾਪਤੀ ਵੀ ਹੋ ਜਾਵੇ ਉਹ ਕਿਸ ਕੰਮ ਦੀ? ਇਹ ਭਾਵ ਦਰਸਾਉਂਦਾ ਹੈ ਕਿ ਮਰਨ ਉਪਰੰਤ ਕੋਈ ਸਰਬਵਿਆਪਕ ਸਤਾ ਨਾਲ ਇਕਰੂਪ ਕਿਵੇਂ ਹੋ ਸਕਦਾ ਹੈ, ਜੇ ਹੁੰਦਾ ਵੀ ਹੋਵੇ ਤਾਂ ਉਸ ਦਾ ਕੀ ਲਾਭ? (੨)

ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥
ਜਦੋਂ ਸਾਹ ਥੱਕ ਟੁੱਟ ਅਸਥਿਰ ਹੋ ਜਾਣ, ਤਾਂ ਮਨੁੱਖ ਆਪਣਾ ਸੰਤੁਲਨ ਅਤੇ ਸੰਜਮ ਕਿਵੇਂ ਕਾਇਮ ਰੱਖ ਸਕਦਾ ਹੈ? ਇਹ ਭਾਵ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਮਾਨਸਿਕ ਸੰਜਮ ਜੀਵਨ ਵਿਚ ਸੰਤੁਲਨ ਅਤੇ ਸਮੁੱਚੀ ਭਲਾਈ ਪ੍ਰਾਪਤ ਕਰਨ ਅਹਿਮ ਭੂਮਿਕਾ ਨਿਭਾਉਂਦਾ ਹੈ।

ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥੩॥
ਜੇ ਕੋਈ ਡੁੱਬ ਕੇ ਮਰ ਜਾਵੇ ਅਤੇ ਉਸ ਤੋਂ ਬਾਅਦ ਉਸ ਨੂੰ ਬਚਾਉਣ ਲਈ ਕਿਸ਼ਤੀ ਆਵੇ, ਤਾਂ ਉਸ ਨੂੰ ਕਿਵੇਂ ਬਚਾਇਆ ਜਾ ਸਕਦਾ ਹੈ? ਦੇਰੀ ਦੀ ਇਹ ਉਦਾਹਰਨ ਇਸ ਤੱਥ ਨੂੰ ਉਜਾਗਰ ਕਰਦੀ ਹੈ ਕਿ ਨੇਕ ਕਰਮਾਂ ਲਈ ਮਿਲੇ ਮੌਕਿਆਂ ਦਾ ਸਮੇਂ ਸਿਰ ਲਾਭ ਉਠਾਉਣਾ ਬਹੁਤ ਜ਼ਰੂਰੀ ਹੈ। (੩)

ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥
ਮੈਂ ਕੁਝ ਵੀ ਨਹੀਂ ਹਾਂ, ਮੇਰੇ ਕੋਲ ਕੁਝ ਵੀ ਨਹੀਂ ਹੈ, ਅਤੇ ਕੋਈ ਵੀ ਵਸਤ ਮੇਰੀ ਨਹੀਂ ਹੈ। ਇਹ ਪਰਮ ਅਨੁਭਵ ਦਰਸਾਉਂਦਾ ਹੈ ਕਿ ਅਸੀਂ ਸਰਬਵਿਆਪਕ ਤੱਤਾਂ ਤੋਂ ਬਣੇ ਹਾਂ ਅਤੇ ਅੰਤ ਉਨ੍ਹਾਂ ਵਿਚ ਹੀ ਲੀਨ ਹੋ ਜਾਵਾਂਗੇ।

ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥੧॥

ਪਰਮ ਬੋਧ ਦਾ ਅਵਸਰ ਪ੍ਰਾਪਤ ਕਰਨ ਲਈ, ਸਧਨਾ ਆਖਦੇ ਹਨ ਕਿ ਉਹ ਸਰਬ-ਵਿਆਪਕ ਚੇਤਨਾ ਅੱਗੇ ਨਿਮਾਣੇ ਸੇਵਕ ਵਜੋਂ ਆਪਣੀ ਲਾਜ ਅਤੇ ਮਰਯਾਦਾ ਦੀ ਰੱਖਿਆ ਲਈ ਸਮਰਪਿਤ ਹਨ। (੪)(੧)

ਤੱਤ: ਭਗਤ ਸਧਨਾ ਭੌਤਿਕ ਸੰਪਤੀਆਂ ਦੀ ਛਿੰਨ ਭੰਗਰਤਾ ਅਤੇ ਉਸ ਮਨੁੱਖੀ ਪ੍ਰਵਿਰਤੀ ਬਾਰੇ, ਜੋ ਅਸਥਾਈ ਵਸਤਾਂ ਨੂੰ ਸਦੀਵੀ ਜਾਣ, ਇਨ੍ਹਾਂ ਨਾਲ ਅਨੰਤ ਕਾਲ ਤੱਕ ਰਿਸ਼ਤਾ ਜੋੜ ਲੈਂਦੀ ਹੈ, ਬਾਰੇ ਵਿਚਾਰ ਕਰਦੇ ਹਨ। ਉਹ ਇਸ ਤੱਥ 'ਤੇ ਜ਼ੋਰ ਦਿੰਦੇ ਹਨ ਕਿ ਜਦੋਂ ਮਨੁੱਖ ਇਸ ਸੱਚ ਨੂੰ ਸਮਝ ਲੈਂਦਾ ਹੈ ਕਿ ਇਸ ਸੰਸਾਰ ਵਿਚ ਕੁਝ ਵੀ ਸਦੀਵੀ ਤੌਰ 'ਤੇ ਉਸ ਦਾ ਨਹੀਂ ਹੈ, ਤਾਂ ਉਸ ਦਾ ਮਨ ਮੋਹ, ਲਾਲਸਾ ਅਤੇ ਮਾਲਕੀ ਦੀ ਭਾਵਨਾ ਤੋਂ ਹੌਲੀ-ਹੌਲੀ ਮੁਕਤ ਹੋਣ ਲੱਗਦਾ ਹੈ। ਮੋਹ ਦੇ ਚੱਕਰ ਵਿਚ ਨਿਰੰਤਰ ਫਸੇ ਰਹਿਣ ਦੀ ਬਜਾਇ ਉਹ ਸਰਬ-ਵਿਆਪਕ ਸਤਾ ਦੀ ਉਸ ਹਾਜ਼ਰਤਾ ਬਾਰੇ ਵਿਚਾਰ ਕਰਨ ਲਈ ਪ੍ਰੇਰਿਤ ਕਰਦੇ ਹਨ, ਜੋ ਚੁਪ-ਚਾਪ ਸਾਰਿਆਂ ਅੰਦਰ ਵਿਦਮਾਨ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**